
# ਸਾਹਿਤ ਦੇ ਸਮਾਜਿਕ ਸਰੋਕਾਰ

## ਕਲਾ ਤੇ ਜ਼ਿੰਦਗੀ



9th March ਗੁਰਸ਼ਰਨ ਸਿੰਘ 2001

ਕਲਾ ਤੇ ਜ਼ਿੰਦਗੀ ਦਾ ਅੱਜ ਦਾ ਇਹ ਕਾਲਮ ਸਾਹਿਤ ਤੇ ਜ਼ਿੰਦਗੀ ਦੇ ਸੰਦਰਭ ਵਿਚ ਲਿਖਿਆ ਜਾ ਰਿਹਾ ਹੈ। ਸਾਹਿਤ ਦੇ ਸਮਾਜਕ ਸਰੋਕਾਰਾਂ ਬਾਰੇ ਇਕ ਵਾਦਵਿਵਾਦ ਹੈ, ਜੋ ਇਕ ਸੰਵਾਦ ਦੇ ਰੂਪ 'ਚ ਚਲਣਾ ਜ਼ਰੂਰੀ ਹੈ। ਵਾਦਵਿਵਾਦ ਦਾ ਕਾਰਨ ਇਕ ਫਿਕਰ ਹੈ ਕਿ ਸਾਹਿਤ ਲੋਕਾਂ ਕੋਲੋਂ ਦੂਰ ਜਾ ਰਿਹਾ ਹੈ। ਇਹ ਸੋਚਣਾ ਬਣਦਾ ਹੈ ਕਿ ਇਸ ਵਿਚ ਲਿਖੇ ਜਾ ਰਹੇ ਸਾਹਿਤ ਦੀ ਕਿੰਨੀ ਕੁ ਜ਼ਿੰਮੇਵਾਰੀ ਹੈ ਅਤੇ ਲੋਕਾਂ ਦੀ ਸੋਚ ਦਾ ਪੱਧਰ ਕਿੱਥੇ ਖਲੋਤਾ ਹੈ? ਜੇ ਸਾਹਿਤ ਉਸੇ ਪੱਧਰ ਦੇ ਅਨੁਸਾਰ ਹੀ ਹੋਵੇਗਾ ਤਾਂ ਉਹਦੇ ਆਪਣੇ ਪੱਧਰ ਦਾ ਕੀ ਬਣੇਗਾ? ਸਾਹਿਤ ਕਲਾ ਦੀ ਇਕ ਸ਼ਕਤੀਸ਼ਾਲੀ ਵਿਧਾ ਹੈ। ਇਹਦਾ ਆਪਣਾ ਇਕ ਮੁਹਾਵਰਾ ਹੈ, ਆਪਣੀ ਇਕ ਪਹਿਚਾਣ ਹੈ। ਸਿੱਧੀ ਸਾਧੀ ਗੱਲਬਾਤ ਸਾਹਿਤ ਨਹੀਂ ਹੋਵੇਗਾ। ਇਹਦੇ ਵਿਚ ਡੂੰਘਿਆਈ ਅਤੇ ਵਰਤਾਰੇ ਦਾ ਵਿਸ਼ਲੇਸ਼ਣ ਜ਼ਰੂਰੀ ਹੈ। ਇਨ੍ਹਾਂ ਮੁੱਦਿਆਂ ਨੂੰ ਸੰਬੋਧਨ ਹੋਣ ਦੀ ਲੋੜ ਹੈ।

ਪੰਜਾਬ 'ਚ ਪੰਜ ਕਿਸਾਨ ਜਥੇਬੰਦੀਆਂ ਇਕ ਕਰਜ਼ਾ ਮੁਕਤੀ ਅੰਦੋਲਨ ਚਲਾ ਰਹੀਆਂ ਹਨ। ਪੰਜਾਬ 'ਚ ਇਹ ਇਸ ਦੌਰ ਦਾ ਇਕ ਵੱਡਾ ਲੋਕ ਘੋਲ ਹੈ। ਸਾਰੇ ਹਿੰਦੁਸਤਾਨ ਦੀ ਨਜ਼ਰ ਇਸ ਘੋਲ 'ਤੇ ਹੈ। ਇਸ ਘੋਲ ਦਾ 15 ਮਾਰਚ ਸਿਖਰ ਦਾ ਇਕ ਪੜਾਅ ਹੈ, ਜਦੋਂ ਕਿਸਾਨਾਂ ਨੇ ਚੰਡੀਗੜ੍ਹ ਵਿਚ ਧਰਨਾਨੁਮਾ ਮੋਰਚਾ ਲਗਾਉਣਾ ਹੈ। ਇਸ ਸਰਗਰਮੀ ਨੇ ਸਾਹਿਤਕ ਕਿਰਤਾਂ ਨੂੰ ਜਨਮ ਦੇਣਾ ਹੀ ਦੇਣਾ ਹੈ। ਇਤਿਹਾਸ 'ਚ ਇਹ ਪਹਿਲਾ ਮੌਕਾ ਹੈ ਜਦੋਂ ਕਿਸਾਨ ਨੇ ਆਰਥਿਕ ਤੰਗੀਆਂ ਕਰਕੇ ਖੁਦਕੁਸ਼ੀਆਂ ਵਾਲਾ ਰਾਹ ਅਪਣਾਇਆ ਹੈ। ਪਹਿਲਾਂ ਇਹ ਵਰਤਾਰਾ ਤਾਂ ਆਮ ਸੀ ਕਿ ਹੜ੍ਹ ਆਉਂਦੇ ਸਨ, ਤੂਫਾਨ ਆਉਂਦੇ ਸਨ, ਗੜੇ ਪੈਂਦੇ ਸਨ। ਖੜ੍ਹੀਆਂ ਫਸਲਾਂ ਤਬਾਹ ਹੋ ਜਾਂਦੀਆਂ ਸਨ। ਕਿਸਾਨ ਇਸ ਸਭ ਕੁਝ ਨੂੰ ਕੁਦਰਤੀ ਵਰਤਾਰਾ ਸਮਝਦਾ ਸੀ, ਰੱਬ ਨਾਲ ਗਿਲਾ ਵੀ ਕਰਦਾ ਸੀ। ਭਾਣਾ ਸਮਝਕੇ ਮੰਨਦਾ ਵੀ ਸੀ। ਆਪਣੇ ਆਪ ਨੂੰ ਅਗਲੀ ਫਸਲ ਲਈ ਤਿਆਰ ਕਰਦਾ ਸੀ। ਸਬਰ ਕਰ ਲੈਂਦਾ ਸੀ, ਪਰ ਹੁਣ ਸਬਰ ਨਹੀਂ ਕਰ ਸਕਦਾ ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਉਹਦੀ ਜ਼ਮੀਨ ਵਿਕ ਵੀ ਜਾਏ ਤਾਂ ਵੀ ਉਹਦਾ ਕਰਜ਼ਾ ਨਹੀਂ ਲਹਿ ਸਕਦਾ। ਉਹ ਕੋਈ ਰਾਹ ਨਾ ਦੇਖਦੇ ਹੋਏ ਖੁਦਕੁਸ਼ੀਆਂ ਦੇ ਰਾਹ ਪੈਂਦਾ ਹੈ। ਨਾਟਕ ਸਾਹਿਤ 'ਚ 'ਖੁਦਕੁਸ਼ੀ ਨਹੀਂ, ਸੰਘਰਸ਼ ਸਾਡਾ ਰਾਹ ਹੈ', ਵਰਗੇ ਨਾਟਕ ਆਉਣੇ ਹੀ ... ਜਾ ਸਕਦਾ ਹੈ ਅਤੇ

ਨਹੀਂ ਵੀ ਕੀਤਾ ਜਾ ਸਕਦਾ ਹੈ। ਰੱਦ ਹੋ ਜਾਵੇਗਾ ਜੇਕਰ ਇਹ ਸਿਰਫ ਇਕ ਘਟਨਾ ਦਾ ਹੀ ਵਰਨਣ ਹੋਵੇਗਾ ਪਰ ਉਸ ਦੀ ਸਾਹਿਤ ਬਣਨ ਦੀ ਸੰਭਾਵਨਾ ਹੈ ਜੇ ਖੁਦਕੁਸ਼ੀ ਕਰਨ ਵਾਲੇ ਦੀ ਮਾਨਸਿਕ ਦੁਬਿਧਾ ਨੂੰ ਸਹੀ ਸਮਾਜਿਕ ਵਿਸ਼ਲੇਸ਼ਣ ਦਿੱਤਾ ਜਾ ਸਕੇ। ਸਮੁੱਚੇ ਸਮਾਜਿਕ ਵਰਤਾਰੇ ਦਾ ਵਿਸ਼ਲੇਸ਼ਣ ਹੋ ਸਕੇ। ਪਾਤਰ ਦੀ ਮਨੋਵਿਗਿਆਨਕ ਦਸ਼ਾ ਦਰਸਾਈ ਜਾ ਸਕੇ। ਪਰ ਇਹ ਪਹੁੰਚ ਕਦੀ ਵੀ ਸਹੀ ਪਹੁੰਚ ਨਹੀਂ ਹੋਵੇਗੀ ਕਿ ਇਸ ਸਾਹਿਤ ਨੂੰ ਸਿਰਫ ਪਰਚਾਰਵਾਦੀ ਸਾਹਿਤ ਆਖ ਕੇ ਰੱਦ ਕੀਤਾ ਜਾਏ। ਸੁਰਜੀਤ ਪਾਤਰ ਦੀ ਇਸ ਦੌਰ 'ਚ ਲਿਖੀ ਇਕ ਕਵਿਤਾ ਇਸ ਦੀ ਮਿਸਾਲ ਹੈ। ਇਹ ਕਵਿਤਾ ਤਾਂ ਹੀ ਜਾ ਸਕੀ, ਕਿਉਂਕਿ ਕਿਸਾਨ ਨੇ ਮੰਡੀ 'ਚ ਝੋਨੇ ਬਾਰੇ ਸੰਘਰਸ਼ ਚਲਾਇਆ। ਇਹ ਕਵਿਤਾ ਭੂਰੇ ਲਾਲ ਬਾਰੇ ਹੈ:

*ਭੂਰੇ ਲਾਲ ਆਖਦਾ ਏ:*<br>
*ਤੇਰੇ ਝੋਨੇ ਦੇ ਦਾਨਿਆਂ 'ਤੇ ਦਾਗ਼ ਨੇ*<br>
*ਹਾਂ ਭੂਰੇ ਲਾਲ*<br>
*ਹਰੇ ਕੇਸਰੀ ਚਿੱਟੇ ਪੀਲੇ*<br>
*ਲੀਡਰ, ਅਫਸਰ, ਸਾਇੰਸਦਾਨ, ਮਾਹਿਰ*<br>
*ਤੁਸੀਂ ਸਭ ਬੇਦਾਗ਼ ਹੋ*<br>
*ਤੁਹਾਡੇ ਗੈਟ ਸਮਝੌਤੇ, ਸਿਫਾਰਸ਼ਾਂ*<br>
*ਖਾਦਾਂ, ਬੀਜ, ਕੀਟਨਾਸ਼ਕ*<br>
*ਸਭ ਬੇਦਾਗ਼ ਨੇ*<br>
*ਸਿਰਫ ਮੇਰੇ ਹੀ ਝੋਨੇ ਦੇ ਦਾਨਿਆਂ ਉਤੇ*<br>
*ਦਾਗ਼ ਨੇ।*<br>
*ਸਿਫਾਰਸ਼ਾਂ ਮਹਿਕਿਆਂ ਦੀਆਂ*<br>
*ਬੀਜੇ ਸਰਕਾਰ ਦੇ*<br>
*ਮੌਸਮ ਰੱਬ ਦਾ*<br>
*ਦਾਗ਼ ਮੇਰੇ*<br>
*ਲੱਗਦਾ ਹੈ ਹੁਣ ਮੈਂ*<br>
*ਖੇਤਾਂ ਵਿਚ ਜੋ ਵੀ ਉਗਾਇਆ ਕਰਾਂਗਾ*<br>
*ਉਸ ਉਤੇ ਦਾਗ਼ ਹੋਇਆ ਕਰਨਗੇ।*

ਯੂਨੀਵਰਸਿਟੀ ਆਲੋਚਕਾਂ ਨੂੰ ਇਹ ਕਹਿੰਦੇ

ਸੁਣਿਆ ਹੈ ਕਿ ਪਾਤਰ ਨੇ ਇਹ ਪ੍ਰਚਾਰ ਮੁਖੀ ਕਵਿਤਾ ਲਿਖੀ ਹੈ। ਇਹ ਉਹਦੀ ਕਵਿਤਾ ਦਾ ਨਿਘਾਰ ਵੱਲ ਜਾਂਦਾ ਰਾਹ ਹੈ। ਹਕੀਕਤ ਤਾਂ ਇਹ ਹੈ ਕਿ ਇਹ ਕਵਿਤਾ ਦਾ ਉਹ ਰੂਪ ਹੈ ਜਿਹੜਾ ਸਾਹਿਤ ਨੂੰ ਲੋਕਾਂ ਨਾਲ ਜੋੜਦਾ ਹੈ। ਕਿਸੇ ਕਲਾ ਕਿਰਤ ਦੀ ਇਤਿਹਾਸਕ ਕੀਮਤ ਉਸੇ ਵੇਲੇ ਨਹੀਂ ਪੈਂਦੀ। ਸਮਾਂ ਉਸ ਨੂੰ ਸਥਾਪਤ ਕਰਦਾ ਹੈ। ਦੁਨੀਆਂ ਦਾ ਬਹੁਤ ਸਾਰਾ ਸਾਹਿਤ ਘਟਨਾਵਾਂ ਦੀ ਦੇਣ ਹੈ।

ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਕਫਨ' ਜਾਂ ਨਾਵਲ 'ਗੋਦਾਨ' ਘਟਨਾਵਾਂ ਅਤੇ ਸਮਾਜਿਕ ਵਰਤਾਰੇ ਦੀ ਦੇਣ ਹਨ ਪਰ ਉਹ ਕਲਾ ਕਿਰਤਾਂ ਤਾਂ ਹੀ ਕਲਾ ਹਨ ਕਿ ਉਹ ਪਾਤਰਾਂ ਦਾ ਵਿਸ਼ਲੇਸ਼ਣਾਤਮਕ ਅਤੇ ਭਾਵਨਾਤਮਕ ਪ੍ਰਗਟਾਵਾ ਕਰ ਸਕੀਆਂ ਹਨ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਜਾਂ ਸਆਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਦੇਸ਼ ਦੀ ਵੰਡ ਦੀ ਤ੍ਰਾਸਦੀ ਦੀ ਦੇਣ ਹਨ। ਕ੍ਰਿਸ਼ਨ ਚੰਦਰ ਦੀ ਕਹਾਣੀ 'ਅਨਦਾਤਾ', ਬੰਗਾਲ ਦੇ ਕਾਲ ਦੀ ਦੇਣ ਹੈ। ਇਸੇ ਤਰ੍ਹਾਂ 'ਜਬ ਖੇਤ ਜਾਗੇ', ਤਿਲੰਗਾਨਾ ਲਹਿਰ ਦੀ ਦੇਣ ਹੈ। 'ਜੋਗੀ ਮੰਗੇ ਦਾਨ ਵੇ ਲਾਲੋ' ਨਾਟਕ ਖੁਸ਼ ਹੈਸੀਅਤੀ ਟੈਕਸ ਲਹਿਰ ਦੀ ਦੇਣ ਹੈ।

ਅਤਿਵਾਦ ਦੇ ਦੌਰ 'ਚ ਮੇਰੇ ਬਹੁਤ ਸਾਰੇ ਲਿਖੇ ਨਾਟਕ ਘਟਨਾਵਾਂ ਦੇ ਪ੍ਰਤੀਕਰਮ ਵਿਚ ਲਿਖੇ ਗਏ ਪਰ ਮੈਂ ਸਮਝਦਾ ਹਾਂ 'ਬਾਬਾ ਬੋਲਦਾ ਹੈ' ਵਰਗੇ ਨਾਟਕਾਂ ਨੂੰ ਨਾਟਕ ਇਤਿਹਾਸ ਵਿਚੋਂ ਖਾਰਜ ਨਹੀਂ ਕੀਤਾ ਜਾ ਸਕਦਾ। ਡਾ. ਕੁਲਬੀਰ ਸਿੰਘ ਕਾਂਗ ਦਾ ਲਲਿਤ ਨਿਬੰਧ 'ਹਰਿਮੰਦਰ ਉਦਾਸ ਹੈ' ਜੋ ਜੂਨ 1984 ਤੋਂ ਪਹਿਲਾਂ ਲਿਖਿਆ ਗਿਆ, ਉਹ ਇਕ ਸ਼ਾਹਕਾਰ ਨਿਬੰਧ ਹੈ ਅਤੇ ਘਟਨਾਵਾਂ ਦੀ ਹੀ ਦੇਣ ਹੈ। ਇਹੋ ਜਿਹਾ ਸਾਹਿਤ ਅਖਬਾਰੀ ਖਬਰਾਂ ਦੇ ਪ੍ਰਤੀਕਰਮ ਵਿਚ ... ਕਰਦਾ ਹੈ। ਸਾਹਿਤ ਸਿਰਫ ਸਾਹਿਤ ਵਾਸਤੇ

ਲਿਖਿਆ ਜਾਏ। ਇਹਦੀ ਕਲਪਨਾ ਫੌਰੀ ਸਰੋਕਾਰ ਨੂੰ ਨਾ ਨਜ਼ਰ ਵਿਚ ਰੱਖੇ, ਸਗੋਂ ਭਵਿੱਖਮੁਖੀ ਹੋਵੇ। ਇਹ ਆਪਣੇ ਆਪ ਵਿਚ ਇਕ ਮਹੱਤਵਪੂਰਨ ਗੱਲ ਹੈ। ਸੰਤ ਸਿੰਘ ਸੇਖੋਂ ਦਾ ਇਕ ਕਥਨ ਹੈ ਕਿ ਪੰਜਾਬੀ ਨਾਟਕ ਜੇਕਰ ਢਾਈ ਫੁੱਟਿਆਂ ਤਕ ਸੀਮਤ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਨਾਟਕ ਲੇਖਕ ਵੀ ਆਪਣੇ ਆਪ ਨੂੰ ਇਸ ਸੀਮਾ ਵਿਚ ਰੱਖੇ ਜਾਂ ਇਹਦੇ ਅਨੁਸਾਰ ਹੀ ਦਿਖੇ। ਉਹ ਭਵਿੱਖ ਦੀ ਕਲਪਨਾ ਵੀ ਕਰ ਸਕਦਾ ਹੈ, ਜਦੋਂ ਉਹਦੇ ਨਾਟਕ ਨੂੰ ਸਟੇਜ ਮਿਲੇਗੀ। ਸਾਹਿਤ ਦੇ ਪ੍ਰਸੰਗ ਵਿਚ ਇਹ ਇਕ ਜ਼ਿਕਰਯੋਗ ਕਥਨ ਹੈ ਅਤੇ ਇਹਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਇਹ ਤੱਥ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਜੇਕਰ ਕੋਈ ਢਾਈ ਫੁੱਟਿਆਂ ਨੂੰ ਨਜ਼ਰ 'ਚ ਰੱਖਕੇ ਲਿਖਦਾ ਹੈ ਤਾਂ ਉਹ ਦਾ ਨਾਟਕ ਚੰਗਾ ਨਾਟਕ ਨਹੀਂ ਹੋ ਸਕਦਾ।

ਲੋੜ ਹੈ ਕਿ ਸਾਹਿਤਕ ਕਿਰਤਾਂ ਸਾਹਿਤਕ ਗੁਣਾਂ ਵਜੋਂ ਵੀ ਚੰਗੀਆਂ ਹੋਣ ਪਰ ਲੋਕਾਂ ਨਾਲ ਜੁੜੀਆਂ ਵੀ ਹੋਣ। ਉਹ ਉਨ੍ਹਾਂ ਦੀ ਚੇਤਨਾ ਨੂੰ ਤੀਖਣ ਕਰਨ। ਅਮਰਜੀਤ ਕੌਂਕੇ ਦੀ ਇਕ ਕਵਿਤਾ ਹੈ। ਇਹ ਸ਼ਹਿਰ ਦੇ ਨੇੜੇ ਵਗਦੀ ਇਕ ਨਦੀ ਦੀ ਦਾਸਤਾਨ ਹੈ। ਨਦੀ ਵਗਦੀ ਬੜੀ ਸੋਹਣੀ ਹੈ। ਬੱਚੇ ਪਾਣੀ ਵਿਚ ਛਾਲਾਂ ਮਾਰਦੇ, ਖੇਡਦੇ ਹਨ। ਪਰ ਨਦੀ ਦੀ ਦੂਜੀਆਂ ਅਸਲੀਅਤ ਹੈ ਕਿ ਉਹ ਆਪਣੇ ਆਪ ਵਿਚ ਵੱਡੇ ਗੰਦ ਨੂੰ ਸਮੇਟੀ ਬੈਠੀ ਹੈ। ਜਦੋਂ ਇਸ ਵਿਚ ਪਲਾਸਟਿਕ ਦੇ ਲਿਫਾਫ, ਲੀਰਾਂ ਅਤੇ ਕੱਚ ਆਦਿਕ ਸ਼ਾਮਲ ਹਨ, ਬੜਾ ਹੀ ਭੱਦਾ ਨਜ਼ਾਰਾ ਦਿੰਦੇ ਹਨ। ਹੁਣ ਇਹ ਕਵਿਤਾ ਕਈ ਪਰਤਾਂ ਤੇ ਅਜੋਕੇ ਸਮਾਜ ਤੇ ਕਟਾਖਸ਼ ਵੀ ਹੈ ਕਿ ਉਪਰੋਂ ਇਸ ਦਾ ਇਹ ਲਿਸ਼ਕਪੁਸ਼ਕ ਵਾਲਾ ਸਮਾਜ ਆਪਣੇ ਵਿਚ ਕਿਤਨਾ ਗੰਦ ਸਮੇਟੀ ਬੈਠਾ ਹੈ।

ਸਾਹਿਤ ਆਲੋਚਨਾ ਅਤੇ ਸਾਹਿਤ ਮੁਲਾਂਕਣ 'ਚ ਬਹੁਤ ਕੁੱਝ ਸੋਚਣਾ ਬਣਦਾ ਹੈ। ਇਹ ਸੋਚਣਾ ਹੀ ਉਸ ਫਿਕਰ ਨੂੰ ਦੂਰ ਕਰ ਸਕੇਗਾ ਕਿ ਸਾਹਿਤ ਨੇ ਲੋਕਾਂ ਨਾਲ ਕਿਸ ਤਰ੍ਹਾਂ ਜੁੜਨਾ ਹੈ।

ਸਾਹਿਤ ਦੇ ਸਮਾਜਿਕ ਸਰੋਕਾਰ ਦੇ ਵਿਸ਼ੇ 'ਤੇ ਪੰਜਾਬ ਦੇ ਕਲਚਰਲ ਸੈਂਟਰ (ਪੀ.ਸੀ.ਸੀ.) ਵਲੋਂ 19-20 ਮਈ, 2001 ਦੀ ਦਰਮਿਆਨੀ ਰਾਤ ਇਕ ਵਿਸ਼ਾਲ ਗੋਸ਼ਟੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਵੱਖ ਵੱਖ ਸੰਸਥਾਵਾਂ ਨਾਲ ਜੁੜੇ ... ਦੇਣ ਦਾ ਯਤਨ ਕਰਨਗੇ।